# ਗਊਮੁਖਾ-ਸ਼ੇਰਮੁਖਾ

*ਗੁਰਚਰਨ ਸਿੰਘ ਜਸੂਜਾ*

**ਪਾਤਰ :**

ਕਿਸ਼ਨ ਦੇਈ
ਸ਼ਰਨ ਸਿੰਘ
ਚੋਪੜਾ ਸਾਹਿਬ
ਸੁਦਰਸ਼ਨ

## ਪਹਿਲੀ ਝਾਕੀ

## ਬਜ਼ਾਰ ਦਾ ਇੱਕ ਸੀਨ

ਚੋਪੜਾ ਸਾਹਿਬ ਤੇ ਸ਼ਰਨ ਸਿੰਘ ਬਜ਼ਾਰ ਵਿੱਚ ਗੱਲਾਂ ਕਰਦੇ ਤੁਰੀ ਜਾਂਦੇ ਹਨ। ਫੇਰ ਇੱਕ ਪਾਸੇ ਖਲੋ ਕੇ ਗੱਲੀਂ ਲੱਗ ਜਾਂਦੇ ਹਨ। ਚੋਪੜਾ ਸਾਹਿਬ ਇੱਕ ਅਧਖੜ ਉਮਰ ਦਾ ਆਦਮੀ ਹੈ। ਉਸ ਨੇ ਪੈਂਟ ਪਾਈ ਹੋਈ ਹੈ ਤੇ ਹੱਥ ਵਿੱਚ ਹੈਟ ਹੈ। ਸ਼ਰਨ ਸਿੰਘ ਕਰੜ-ਬਰੜੀ ਦਾੜ੍ਹੀ ਤੇ ਸਾਦੇ ਕੱਪੜਿਆਂ ਵਾਲ਼ਾ ਇੱਕ ਸਿੱਖ ਹੈ। ਉਸ ਨੇ ਜ਼ਰਾ ਕੁ ਮੈਲ਼ੀ ਪੱਗ, ਕਮੀਜ਼ ਤੇ ਖੁੱਲ੍ਹਾ ਪਜਾਮਾ ਪਾਇਆ ਹੋਇਆ ਹੈ।

ਚੋਪੜਾ : ਤੁਸੀਂ ਸਰਦਾਰ ਸਾਹਿਬ ਬੜੇ ਜ਼ੋਰਾਵਰ ਓ। ਦੇਖੋ ਨਾ, ਜ਼ਬਰਦਸਤੀ ਘਸੀਟੀ ਲਿਜਾਂਦੇ ਓ।

ਸ਼ਰਨ ਸਿੰਘ : (ਅਣਸੁਣੀ ਕਰਕੇ) ਔਹ ਦੇਖੋ ਨਾ, ਜੀਹਦਾ ਸਬਜ਼ ਰੰਗ ਦਾ ਛੱਜਾ ਏ। ਗਲ਼ੀ ਵੱਲ ਦੋ ਬਾਰੀਆਂ ਨੇ। ਛੱਜੇ 'ਤੇ ਖਲੋ ਜਾਈਏ ਤਾਂ ਬੱਸ ਫਰਨ-ਫਰਨ ਹਵਾ ਆਉਂਦੀ ਏ।

ਚੋਪੜਾ : ਬੜੇ ਡਾਢੇ ਓ ! ਮੈਂ ਅਰਜ਼ ਪਿਆ ਕਰਨਾਂ ਕਿ ਮੇਰਾ ਕੋਈ ਸੌਦਾ ਕਰਨ ਦਾ ਇਰਾਦਾ ਨਹੀਂ। ਤੁਹਾਡੇ ਮਜ਼ਬੂਰ ਕਰਨ 'ਤੇ ਨਾਲ਼ ਆ ਗਿਆ।

ਸ਼ਰਨ ਸਿੰਘ : ਇਹ ਗੱਲ ਤੁਸੀਂ ਰਹਿਣ ਦਿਓ। ਮੈਂ ਸਭ ਜਾਣਨਾਂ । ਚੀਜ਼ ਐਹੋ-ਜਿਹੀ ਲੈ ਕੇ ਦਿਆਂਗਾ ਜਿਹੜਾ ਯਾਦ ਪਏ ਕਰੋਂ। ਤੁਸੀਂ ਚੱਲੋ ਤਾਂ ਸਹੀ, ਤੁਹਾਨੂੰ ਮਕਾਨ ਦਿਖਾ ਲਿਆਵਾਂ।

ਚੋਪੜਾ : ਮਗਰ ਪੰਜਾਹ ਹਜ਼ਾਰ ਕੀਮਤ ਬਹੁਤ ਜ਼ਿਆਦਾ ਏ।

ਸ਼ਰਨ ਸਿੰਘ : ਤੁਸੀਂ ਅੰਦਰੋਂ ਮਕਾਨ ਵੇਖੋਗੇ ਫੇਰ ਪਤਾ ਲੱਗੇਗਾ ਕੀ ਚੀਜ਼ ਏ। ਰੀਝ ਨਾਲ਼ ਬਣਿਆ ਹੋਇਆ ਮਕਾਨ ਏ। ਵੈਸੇ ਤੁਸੀਂ ਜਾਣਦੇ ਓ ਮੂੰਹੋਂ ਮੰਗੀ

ਤਾਂ ਮੌਤ ਵੀ ਨਹੀਂ ਮਿਲਦੀ। ਤੁਸੀਂ ਬੇਫ਼ਿਕਰ ਰਹੋ ਕੀਮਤ ਬਾਰੇ ਮੈਂ ਆਪੇ ਗੱਲ ਕਰ ਲਵਾਂਗਾ। ਵੈਸੇ ਮਕਾਨ ਮਾਲਕ ਹੈ, ਜ਼ਰਾ ਅਜ਼ਬ ਜਿਹੀ ਔਰਤ। ਕੁਝ ਸਮਝਾਨਾ ਬੁਝਾਨਾ ਈ ਪਵੇਗਾ। ਉਹਨੇ ਤਾਂ ਮਕਾਨ ਨੂੰ ਜਾਨ ਨਾਲੋਂ ਵੱਧ ਪਿਆਰਾ ਰੱਖਿਐ।

ਚੋਪੜਾ : ਇਹ ਹੁਣ ਤੁਸੀਂ ਜਾਣੋ।

ਸ਼ਰਨ ਸਿੰਘ : ਕਿਉਂ ਨਹੀਂ, ਕਿਉਂ ਨਹੀਂ, ਇਹ ਤਾਂ ਮੇਰੀ ਡਿਊਟੀ ਹੋਈ। ਦਲਾਲੀ ਕਿਸ ਗੱਲ ਦੀ ਲੈਣੀ ਏਂ?

(ਇੱਕ ਪਾਸੇ ਚਲਾ ਜਾਂਦਾ ਹੈ ।)

## ਦੂਜੀ ਝਾਕੀ
## ਕਿਸ਼ਨ ਦੇਈ ਦੇ ਮਕਾਨ ਦੀ ਬੈਠਕ

ਕਮਰੇ ਦੀ ਸਜਾਵਟ ਤੋਂ ਦਰਮਿਆਨੇ ਮੇਲ਼ ਦੇ ਘਰਾਣੇ ਦਾ ਪ੍ਰਭਾਵ ਮਿਲ਼ਦਾ ਹੈ। ਮਾਮੂਲੀ ਜਿਹਾ ਫ਼ਰਨੀਚਰ, ਪਰ ਸਾਫ਼। ਸਾਹਮਣੀ ਕੰਧ ਦੀ ਅੰਗੀਠੀ 'ਤੇ ਕੁਝ ਕਿਤਾਬਾਂ ਆਦਿਕ। ਇੱਕ ਪਾਸੇ ਮੰਜਾ ਡੱਠਾ ਹੋਇਆ ਹੈ ਤੇ ਦੋ ਕੁਰਸੀਆਂ ਹਨ। ਪਰਦਾ ਉੱਠਣ 'ਤੇ ਕਿਸ਼ਨ ਦੇਈ ਕਮਰੇ ਦੀਆਂ ਚੀਜ਼ਾਂ ਤੇ ਫ਼ਰਨੀਚਰ ਆਦਿ ਨੂੰ ਸਾਫ਼ ਕਰਕੇ ਰੱਖਦੀ ਨਜ਼ਰ ਆਉਂਦੀ ਹੈ। ਉਹ ਸਾਦੇ ਪਹਿਰਾਵੇ ਵਾਲੀ ਅਧਖੜ ਉਮਰ ਦੀ ਜ਼ਨਾਨੀ ਹੈ। ਸ਼ਾਇਦ ਘਰ ਵਿੱਚ ਕੰਮ ਲੱਗੀ ਹੋਣ ਕਰਕੇ ਪਹਿਰਾਵਾ ਬਹੁਤ ਹੀ ਸਾਦਾ ਜਿਹਾ ਹੈ।

ਕਿਸ਼ਨ ਦੇਈ: (ਅੰਗੀਠੀ 'ਤੇ ਪਈਆਂ ਕਿਤਾਬਾਂ ਪੂੰਝਦੀ ਹੋਈ) ਹੂੰ । ਗੋਡੇ-ਗੋਡੇ ਘੱਟਾ ਚੜ੍ਹਿਆ ਹੋਇਆ ਏ ਕਿਤਾਬਾਂ 'ਤੇ..... ਸੁਦਰਸ਼ਨ ...... ਸੁਦਰਸ਼ਨ.... ।
(ਸੁਦਰਸ਼ਨ ਇੱਕ 17-18 ਵਰ੍ਹੇ ਦਾ ਮੁੰਡਾ ਆਉਂਦਾ ਹੈ ।)

ਸੁਦਰਸ਼ਨ : ਦੱਸ ਭ਼ਾਈ।

ਕਿਸ਼ਨ ਦੇਈ: ਬੇਟਾ ਤੂੰ ਇਹ ਆਪਣਾ ਕਮਰਾ ਸਾਫ਼ ਨਹੀਂ ਕੀਤਾ? ਵੇਖੋ ਨਾ, ਕਿਸ ਤਰ੍ਹਾਂ ਸਾਰੀਆਂ ਕਿਤਾਬਾਂ ਘੱਟੇ ਨਾਲ਼ ਲੱਥ-ਪੱਥ ਹੋਈਆਂ ਪਈਆਂ ਨੇ।

ਸੁਦਰਸ਼ਨ : ਝਾਈ, ਮੈਂ ਹੁਣੇ ਈ ਬਜ਼ਾਰੋਂ ਆਉਨਾਂ ਪਿਆ।

ਕਿਸ਼ਨ ਦੇਈ: ਹੱਛਾ, ਮੈਨੂੰ ਚੇਤਾ ਈ ਤਾਂ ਭੁੱਲ ਗਿਆ ਸੀ। ਘਰ ਦੀਆਂ ਸਫ਼ਾਈਆਂ ਕਰਨ ਵਿੱਚ ਤਾਂ ਮੇਰੀ ਮੱਤ ਮਾਰੀ ਜਾਂਦੀ ਹੈ। ਰਤਾ ਧਿਆਨ ਨਾ ਦਿਓ ਤਾਂ ਘੱਟੇ-ਮਿੱਟੀ ਨਾਲ਼ ਹੁਲੀਆਂ ਈ ਬਦਲ ਜਾਂਦਾ ਏ।

ਸੁਦਰਸ਼ਨ : ਪਰ ਝਾਈ, ਤੂੰ ਵੀ ਤਾਂ ਐਵੇਂ ਈ ਸਾਰਾ ਦਿਨ ਲੱਗੀ ਰਹਿਨੀ ਏਂ।

ਕਿਸ਼ਨ ਦੇਈ: ਐਵੇਂ ਈ ਲੱਗੀ ਰਹਿਨੀ ਆਂ ? ਜ਼ਰਾ ਕੋਠੇ 'ਤੇ ਜਾ ਕੇ ਤਾਂ ਵੇਖ ਕਮਰੇ ਦਾ ਫ਼ਰਸ਼ ਲਿਸ਼ਕਾਂ ਮਾਰਦਾ ਏ। ਵੇਖ ਕੇ ਤਬੀਅਤ ਖ਼ੁਸ਼ ਹੋ ਜਾਂਦੀ ਏ।...... ਪਰ ਮੈਂ ਕੋਈ ਕਿਸੇ ਦੇ ਸਿਰ 'ਹਸਾਨ ਕਰਨੀ ਆਂ? ਆਪਣਾ ਕੰਮ ਕਰਨੀ ਆਂ। (ਬੂਹਾ ਖੜਕਦਾ ਹੈ।)

ਸੁਦਰਸ਼ਨ : ਝਾਈ, ਸ਼ਰਨ ਸਿੰਘ ਦਲਾਲ ਆਇਆ ਈ।

ਕਿਸ਼ਨ ਦੇਈ: (ਮੱਥੇ ਵੱਟ ਪਾ ਕੇ) ਫੇਰ ਆ ਧਮਕਿਐ। ਇਹਨਾਂ ਦਲਾਲਾਂ ਨੇ ਕਿਹਾ ਜੀਅ ਸਾੜਿਐ । ਕੋਈ ਨਾ ਕੋਈ ਦਿਮਾਗ਼ ਚੱਟਣ ਆਇਆ ਈ ਰਹਿੰਦੈ। (ਸ਼ਰਨ ਸਿੰਘ ਅੰਦਰ ਆਉਂਦਾ ਹੈ)

ਸ਼ਰਨ ਸਿੰਘ : ਨਮਸਤੇ ਭੈਣ ਜੀ।

ਕਿਸ਼ਨ ਦੇਈ: (ਗ਼ੁੱਸੇ ਨਾਲ਼) ਤੂੰ ਭਰਾਵਾ ਫੇਰ ਆ ਗਿਐਂ। ਮੈਂ ਤੈਨੂੰ ਕਿੰਨੀ ਵਾਰੀ ਕਹਿ ਚੁੱਕੀ ਆਂ, ਮੈਂ ਮਕਾਨ ਨਹੀਂ ਵੇਚਣਾ, ਨਹੀਂ ਵੇਚਣਾ। ਕੋਈ ਮਜ਼ਬੂਰੀ ਏ? ਕੋਈ ਜ਼ਬਰਦਸਤੀ ਏ?

ਸ਼ਰਨ ਸਿੰਘ : ਤੁਸੀਂ ਮੇਰੀ ਗੱਲ ਤਾਂ ਸੁਣਦੇ ਈ ਨਹੀਂ। ਮੈਂ ਤੁਹਾਨੂੰ ਇਹ ਕਹਿਣ ਬਿਲਕੁਲ ਨਹੀਂ ਆਇਆ ਕਿ ਤੁਸੀਂ ਮਕਾਨ ਵੇਚ ਦਿਓ। ਤੁਸੀਂ ਵੇਚੋ, ਨਾ ਵੇਚੋ, ਤੁਹਾਡੀ ਦੌਲਤ ਏ। ਹਾਂ, ਮੈਂ ਕਿਸੇ ਵੇਲ਼ੇ ਕੰਮ ਆ ਸਕਾਂ, ਤੁਹਾਡੀ ਕੋਈ ਸੇਵਾ ਕਰ ਸਕਾਂ ਤਾਂ ਹਾਜ਼ਰ ਆਂ।

ਕਿਸ਼ਨ ਦੇਈ: (ਜ਼ਰਾ ਸ਼ਾਂਤ ਹੋ ਕੇ) ਤਾਂ ਫੇਰ ਹੋਰ ਕੀ ਗੱਲ ਏ?

ਸ਼ਰਨ ਸਿੰਘ : ਭੈਣ ਜੀ, ਗੱਲ ਇਹ ਸੀ.... (ਰੁਖ਼ ਪਲਟ ਕੇ) ਸ਼ਾਇਦ ਤੁਹਾਨੂੰ ਪਤਾ ਈ ਏ, ਮੈਂ ਕਰੋਲ ਬਾਗ਼ ਰਹਿਨਾਂ। ਤੁਹਾਡੀ ਦਇਆ ਨਾਲ਼ ਆਪਣਾ ਮਕਾਨ ਲਿਆ ਹੋਇਆ ਏ। ਸਾਡੇ ਦੋ ਕਮਰਿਆਂ ਦੇ ਫ਼ਰਸ਼ ਟੁੱਟ ਗਏ ਨੇ ਤੇ ਉਹ ਹੁਣ ਨਵੇਂ ਬਨਵਾਣੇ ਨੇ। ਮੈਂ ਤੁਹਾਡੀ ਭਰਜਾਈ ਨਾਲ਼ ਕਿਤੇ ਜ਼ਿਕਰ ਕਰ ਬੈਠਾ ਕਿ ਭੈਣ ਹੁਰਾਂ ਦੇ ਮਕਾਨ ਵਿੱਚ ਫ਼ਰਸ਼ ਬੜੇ ਸੋਹਣੇ ਬਣੇ ਹੋਏ ਨੇ। ਉਹ ਹੁਣ ਰੋਜ਼ ਮੇਰੇ ਕੰਨ ਖਾਂਦੀ ਰਹਿੰਦੀ ਏ ਕਿ ਚੱਲ ਕੇ ਮੈਨੂੰ ਦਿਖਾ ਲਿਆਵੇ ਤੇ ਓਹੋ-ਜਿਹੇ ਫ਼ਰਸ਼ ਆਪਾਂ ਵੀ ਬਣਵਾਈਏ।

ਕਿਸ਼ਨ ਦੇਈ: ਭਰਾਵਾ, ਮੈਂ ਇਹ ਮਕਾਨ ਬੜੀ ਰੀਝ ਨਾਲ਼ ਬਣਵਾਇਐ। ਆਪ ਸਾਹਮਣੇ ਖਲੋ ਕੇ ਮਨ-ਮਰਜ਼ੀ ਦੇ ਫ਼ਰਸ਼ ਬਣਵਾਏ ਸਨ। ਸੁਦਰਸ਼ਨ ਦੇ ਬਾਊ ਜੀ ਨੂੰ ਘਰ ਦੀ ਸ਼ਾਨ ਬਣਾਉਣ ਦਾ ਬੜਾ ਸ਼ੌਕ ਹੁੰਦਾ ਸੀ।

ਸ਼ਰਨ ਸਿੰਘ : ਜੀ ਹਾਂ, ਮੈਂ ਸਭ ਜਾਣਨਾਂ ।ਮੇਰੇ ਨਾਲ਼ ਉਹਨਾਂ ਦੇ ਬੜੇ ਤਲਕਾਤ ਸਨ। ਕਿਹੀ ਰੀਝ ਨਾਲ਼ ਮਕਾਨ ਬਣਵਾਇਆ ਸਾਨੇ ਪਰ ਵਿਚਾਰਿਆਂ ਨੂੰ ਭੋਗਣ ਦਾ ਮੌਕਾ ਈ ਨਹੀਂ ਮਿਲਿਆ। ਹੱਛਾ, ਉਹਨਾਂ ਦੇ ਬਾਲ-ਬੱਚੇ

ਰਾਜ਼ੀ ਰਹਿਣ। ਹੁਣ ਕਾਕਾ ਵੀ ਸਿਆਣਾ ਹੋ ਗਿਐ ........ ਕੀ ਨਾਂ ਏ ਤੇਰਾ ਬੇਟਾ ?

ਸੁਦਰਸ਼ਨ : ਜੀ ਸੁਦਰਸ਼ਨ ।

ਸ਼ਰਨ ਸਿੰਘ : ਕਿਹੜੀ ਜਮਾਤ ਵਿੱਚ ਪੜ੍ਹਨਾ ਏਂ ਹੁਣ?

ਕਿਸ਼ਨ ਦੇਈ: ਸੁਦਰਸ਼ਨ ਤਾਂ ਐਤਕੀ ਦਸਵੀਂ ਪਾਸ ਕਰ ਗਿਐ। ਫ਼ਸਟ ਡਵੀਜ਼ਨ ਲਈ ਸੂ।

ਸ਼ਰਨ ਸਿੰਘ : ਸ਼ਾਬਾਸ਼, ਸ਼ਾਬਾਸ਼ ! ਤਾਂ ਤੇ ਭੈਣ ਜੀ, ਮੁਬਾਰਕ ਹੋਵੇ। ਸੱਚੀਂ ਬਹੁਤ ਖ਼ੁਸ਼ੀ ਹੋਈ ਏ। ਆਖ਼ਰ ਮੇਰੇ ਦੋਸਤ ਦਾ ਲੜਕਾ ਏ। ਮੇਰੇ ਦਿਲ ਕੋਲ਼ੋਂ ਪੁੱਛ ਕੇ ਵੇਖੋ, ਇੰਨੀ ਖ਼ੁਸ਼ੀ ਤੁਹਾਨੂੰ ਨਹੀਂ ਹੋਈ ਹੋਣੀ ਜਿੰਨੀ ਮੈਨੂੰ ਹੋਈ ਏ।

ਕਿਸ਼ਨ ਦੇਈ: ਕਾਕਾ ਜਾਹ । ਮਾਮਾ ਜੀ ਜੋਗਾ ਸ਼ਰਬਤ ਲੈ ਆ।

ਸੁਦਰਸ਼ਨ : ਹੱਛਾ ਝਾਈ। (ਜਾਂਦਾ ਹੈ ।)

(ਇੱਕ ਮਿੰਟ ਚੁੱਪ)

ਸ਼ਰਨ ਸਿੰਘ : ਸੁਦਰਸ਼ਨ ਨਿੱਕਾ ਜਿਹਾ ਈ ਹੁੰਦਾ ਸੀ ਜਦੋਂ ਇਹਦੇ ਬਾਊ ਜੀ ਗੁਜ਼ਰੇ ਨੇ।

ਕਿਸ਼ਨ ਦੇਈ: ਉਦੋਂ ਇਹ ਅੱਠ ਕੁ ਸਾਲ ਦਾ ਸੀ।

ਸ਼ਰਨ ਸਿੰਘ : ਹੁਣ ਮੁੰਡਾ ਹੁਸ਼ਿਆਰ ਹੋਇਆ ਏ, ਫੇਰ ਮੈਟ੍ਰਿਕ ਪਾਸ ਕਰ ਗਿਆ ਏ। ਅੱਜ ਇਹਦੇ ਬਾਊ ਜੀ ਹੁੰਦੇ ਤਾਂ ਵੇਖ ਕੇ ਕਿੰਨਾ ਖ਼ੁਸ਼ ਹੁੰਦੇ।

ਕਿਸ਼ਨ ਦੇਈ: (ਠੰਢਾ ਸਾਹ ਭਰ ਕੇ) ਹੱਛਾ ਭਰਾਵਾ, ਕਿਸਮਤ ਦੀ ਲਿਖੀ ਨੂੰ ਕੌਣ ਮੋੜ ਸਕਦਾ ਏ? ਅਖੇ ਰਾਈ ਘਟੇ ਨਾ ਤਿਲ ਵਧੇ ਜੋ ਲਿਖਿਆ ਕਰਤਾਰ।

ਸ਼ਰਨ ਸਿੰਘ : ਅਫ਼ਸੋਸ ਈ ਹੁੰਦਾ ਏ।

ਕਿਸ਼ਨ ਦੇਈ: ਹੱਛਾ । ਸਮਾਂ ਪਾ ਕੇ ਸਭੇ ਕੁਝ ਹੋਵੇਗਾ। ਤੁਸੀਂ ਸਮਝੋ ਬਦਕਿਸਮਤ ਉਹ ਜੋ ਇਸ ਵਸਦੀ ਵਾੜੀ ਨੂੰ ਛੱਡ ਕੇ ਚਲੇ ਗਏ।

ਸ਼ਰਨ ਸਿੰਘ : ਮੇਰੇ ਨਾਲ਼ ਤਾਂ ਉਹਨਾਂ ਦੇ ਬੜੇ ਅੱਛੇ ਤਲਕਾਤ ਸਨ ਜੀ। ਮੇਰੇ ਜਮਾਤੀ ਸਨ। 'ਕੱਠੇ ਪੜ੍ਹੇ, ਕੱਠੇ ਖੇਡੇ। ਬੜੇ ਮਿਲਣਸਾਰ ਸੁਭਾਅ ਦੇ ਆਦਮੀ ਸਨ। (ਸੁਦਰਸ਼ਨ ਗਲਾਸ ਲਈ ਆਉਂਦਾ ਹੈ।)

ਸੁਦਰਸ਼ਨ : ਲਉ ਸਰਦਾਰ ਜੀ, ਸ਼ਰਬਤ ਦਾ ਗਲਾਸ ਫੜ ਲਓ।

ਕਿਸ਼ਨ ਦੇਈ: ਲਉ ਜੀ, ਪੀਓ।

ਸ਼ਰਨ ਸਿੰਘ : (ਗਲਾਸ ਫੜਦਾ ਹੋਇਆ) ਤੁਸਾਂ ਤਾਂ ਐਵੇਂ ਈ ਖੇਚਲ਼ ਕੀਤੀ ਹੈ ਭੈਣ ਜੀ।

ਕਿਸ਼ਨ ਦੇਈ: ਲਓ, ਪਾਣੀ ਦੀ ਵੀ ਕੋਈ ਖੇਚਲ਼ ਹੁੰਦੀ ਏ।

(ਸ਼ਰਨ ਸਿੰਘ ਸ਼ਰਬਤ ਪੀਂਦਾ ਹੈ ਤੇ ਗਲਾਸ ਖ਼ਾਲੀ ਕਰ ਕੇ ਵਾਪਸ ਦੇਂਦਾ ਹੈ।)

ਸ਼ਰਨ ਸਿੰਘ : ਲੈ ਕਾਕਾ, ਗਲਾਸ ਫੜ ਲੈ ।

ਸੁਦਰਸ਼ਨ : ਹੋਰ ਲਿਆਵਾਂ ਜੀ ?

ਸ਼ਰਨ ਸਿੰਘ : ਨਹੀਂ ਕਾਕਾ ਬੱਸ ।....... (ਗਲ਼ਾ ਸਾਫ਼ ਕਰਦਾ ਹੋਇਆ) ਤੇ ਹੁਣ ਸੁਦਰਸ਼ਨ ਨੂੰ ਕਿਹੜੇ ਕਾਲਜ ਦਾਖ਼ਲ ਕਰਵਾ ਰਹੇ ਓ?

ਕਿਸ਼ਨ ਦੇਈ: ਬਸ ਸੋਚੀਂ ਪਈ ਹੋਈ ਆਂ ਕਿ ਕਿਵੇਂ ਕਰਾਂ। ਅੱਗੇ ਪੜ੍ਹਾਈ ਲਈ ਖ਼ਰਚ ਵੀ ਕਾਫ਼ੀ ਚਾਹੀਦਾ ਏ। ਇੱਕੋ ਮਕਾਨ ਦਾ ਕਿਰਾਇਆ ਈ ਆਉਂਦਾ ਏ ਨਾ।

ਸ਼ਰਨ ਸਿੰਘ : ਭੈਣਾਂ, ਵੱਡੇ ਸਿਰਾਂ ਦੀਆਂ ਵੱਡੀਆਂ ਪੀੜਾਂ, ਉੱਚੇ ਦਰਜੇ ਦੀਆਂ ਪੜ੍ਹਾਈਆਂ ਕਰਨੀਆਂ ਵੀ ਕਿਹੜੀਆਂ ਅਸਾਨ ਨੇ। ਖ਼ਰਚ ਕਰ-ਕਰ ਕੇ ਮੂੰਹ ਫਿਰ ਜਾਂਦੈ। ਤੁਸੀਂ ਹੁਣ ਮੇਰੀ ਰਾਇ ਪੁੱਛੋ ਤਾਂ ਮੈਂ ਆਖਾਂਗਾ ਕਿ ਮੁੰਡੇ ਨੂੰ ਕਿਸੇ ਕੰਮ-ਕਾਰ ਵਿੱਚ ਪਾ ਦਿਓ।

ਸੁਦਰਸ਼ਨ : ਝਾਈ ਇਹ ਗੱਲ ਠੀਕ ਏ।

ਕਿਸ਼ਨ ਦੇਈ: ਕੰਮ ਕਾਰ ਦੀ ਤੈਨੂੰ ਅਜੇ ਕੀ ਸਮਝ ਏ। ਨਿੱਕਾ ਜਿਹਾ ਤਾਂ ਤੂੰ ਹੈਗਾ ਏਂ।

ਸ਼ਰਨ ਸਿੰਘ : ਦੇਖੋ ਨਾ ਪਰਮਾਤਮਾ ਨੇ ਇਨਸਾਨ ਨੂੰ ਅਕਲ ਦਿੱਤੀ ਏ। ਕਿਸ ਲਈ? ਸੋਚਣ ਸਮਝਣ ਲਈ। ਆਖ਼ਰ ਤੁਸਾਂ ਈ ਆਪਣੇ ਬੱਚੇ ਦੀ ਜ਼ਿੰਦਗੀ ਬਨਾਣੀ ਏ, ਤੁਸਾਂ ਈ ਇਹਨੂੰ ਰਾਹੇ ਪਾਣਾ ਏ, ਤੁਸਾਂ ਈ ਇਹਦੀ ਨਿਗਰਾਨੀ ਕਰਨੀ ਏ। ਮੇਰੀ ਰਾਇ ਤਾਂ ਇਹੋ ਏ, ਤੁਹਾਡਾ ਸਰਵਨ ਪੁੱਤਰ ਏ ਤੇ ਤੁਸੀਂ ਡਰੋ ਨਾ। ਮੁੰਡਾ ਕੰਮ ਵਿੱਚ ਪਵੇਗਾ ਤਾਂ ਆਪੇ ਜਾਚ ਆਉਂਦੀ ਜਾਵੇਗੀ। ਅਖੇ ਜਿਉਂ-ਜਿਉਂ ਭਿੱਜੇ ਕੰਬਲ਼ੀ ਤਿਉਂ-ਤਿਉਂ ਭਾਰੀ ਹੋਏ।

ਕਿਸ਼ਨ ਦੇਈ: ਕਿਉਂ ਸੁਦਰਸ਼ਨ, ਆਪਣੇ ਕਿਸੇ ਵਿਹਾਰ ਕਾਰ ਵਿੱਚ ਲੱਗ ਜਾਵੇਂ ਤਾਂ ਚੰਗਾ ਈ ਏ।

ਸੁਦਰਸ਼ਨ : ਜਿਵੇਂ ਤੁਸੀਂ ਆਖੋ।

ਸ਼ਰਨ ਸਿੰਘ : ਵਿਹਾਰ ਕਾਰ ਲਈ ਆਖ਼ਰ ਰੁਪੈ ਦੀ ਤਾਂ ਲੋੜ ਏ। ਜੇ ਤੁਹਾਡਾ ਵਿਚਾਰ ਮਕਾਨ ਵੇਚਣ ਦਾ ਹੋਵੇ ਤਾਂ ਪੰਜਤਾਲ਼ੀ ਕੁ ਹਜ਼ਾਰ ਦੇ ਕਰੀਬ ਵੱਟਿਆ ਈ ਜਾਵੇਗਾ।

ਕਿਸ਼ਨ ਦੇਈ: (ਤਿੜ ਕੇ) ਪੰਜਤਾਲ਼ੀ ਹਜ਼ਾਰ ? ਭਰਾਵਾ ਤੂੰ ਤਾਂ ਕਮਾਲ ਕਰ ਦਿੱਤੀ ਏ। ਅਜੇ ਤਿੰਨ ਮਹੀਨੇ ਵੀ ਨਹੀਂ ਹੋਏ ਇੱਕ ਦਲਾਲ ਪੰਜਾਹ ਹਜ਼ਾਰ ਦੁਆਂਦਾ ਸੀ ਤੇ ਮਿੰਨਤਾਂ ਵੀ ਕਰਦਾ ਸੀ।

ਸ਼ਰਨ ਸਿੰਘ : ਖ਼ੈਰ ਹੋ ਸਕਦੈ, ਪਰ ਸਮੇਂ-ਸਮੇਂ ਦੀ ਗੱਲ ਏ।

ਕਿਸ਼ਨ ਦੇਈ: ਮੈਂ ਤਾਂ ਪੰਜਾਹ ਹਜ਼ਾਰ ਤੋਂ ਇੱਕ ਪੈਸਾ ਵੀ ਘੱਟ ਵੱਟਣ ਨੂੰ ਤਿਆਰ ਨਹੀਂ।

ਸ਼ਰਨ ਸਿੰਘ : (ਜ਼ਰਾ ਮੁੜ ਕੇ ਆਉਂਦਾ ਹੋਇਆ) ਹਾਂ ਸੱਚ, ਇੱਕ ਹੋਰ ਗੱਲ ਯਾਦ ਆਈ। ਤੁਹਾਡੇ ਮਕਾਨ ਦੇ ਸਾਹਮਣੇ ਖੂਹ ਹੁੰਦਾ ਸੀ ਨਾ?

ਸੁਦਰਸ਼ਨ : ਆਹੋ ਜੀ।

ਸ਼ਰਨ ਸਿੰਘ : ਤਦੇ ਹੀ ਲੋਕੀਂ ਸੱਚ ਆਖਦੇ ਨੇ ਖੂਹ ਦੇ ਸਾਹਮਣੇ ਵਾਲ਼ਾ ਮਕਾਨ ਵੀ ਨਹਿਸ਼ ਹੁੰਦਾ ਏ।

ਕਿਸ਼ਨ ਦੇਈ: ਪਰ ਹੁਣ ਤਾਂ ਖੂਹ ਕਦੇ ਦਾ ਬੰਦ ਹੋ ਚੁੱਕਾ ਏ।

ਸ਼ਰਨ ਸਿੰਘ : ਫੇਰ ਕੀ ਹੋ ਗਿਆ? ਉਹਨਾਂ ਅਸਰ ਤਾਂ ਹੁੰਦਾ ਏ ਨਾ। ਖੂਹਾਂ 'ਤੇ ਕਈ ਤਰ੍ਹਾਂ ਦੇ ਜਿੰਨ ਭੂਤ ਤੇ ਚੁੜੇਲਾਂ ਦਾ ਵਾਸਾ ਹੁੰਦਾ ਹੈ। ਮੈਂ ਸਮਝਨਾਂ ਐਸੇ ਲਈ ਤੁਸਾਂ ਇਸ ਮਕਾਨ ਵਿੱਚ ਸੁੱਖ ਨਹੀਂ ਪਾਇਆ।

ਕਿਸ਼ਨ ਦੇਈ: ਇੱਥੇ ਸੁੱਖ ਤਾਂ ਮੈਂ ਵਾਕਿਆ ਈ ਨਹੀਂ ਪਾਇਆ। ਜਦੋਂ ਸੁਦਰਸ਼ਨ ਦਾ ਬਾਊ ਗੁਜ਼ਰਿਆ ਏ, ਅਜੇ ਮਕਾਨ ਬਣਿਆਂ ਸਾਲ ਵੀ ਨਹੀਂ ਸੀ ਹੋਇਆ।

ਸ਼ਰਨ ਸਿੰਘ : (ਜਾਂਦਾ-ਜਾਂਦਾ) ਤੁਸੀਂ ਫ਼ਿਕਰ ਨਾ ਕਰੋ। ਸੁਦਰਸ਼ਨ ਦੇ ਬਾਊ ਹੁਰਾਂ ਨਾਲ਼ ਮੇਰੇ ਬੜੇ ਤਲਕਾਤ ਸਨ। ਮੇਰਾ ਤਾਂ ਇਹ ਆਪਣਾ ਕੰਮ ਹੋਇਆ।

ਕਿਸ਼ਨ ਦੇਈ: ਕਿਉਂ ਸੁਦਰਸ਼ਨ ! ਫੇਰ ਮਕਾਨ ਵੇਚ ਦਈਏ?

ਸੁਦਰਸ਼ਨ : ਜਿਵੇਂ ਤੇਰੀ ਮਰਜ਼ੀ ਝਾਈ ਪਰ ਉਹ ਤਾਂ ਕਹਿੰਦੇ ਸਾਹਮਣੇ ਭੂਤ ਤੇ ਚੁੜੇਲਾਂ ਰਹਿੰਦੀਆਂ ਨੇ। ਮੈਨੂੰ ਡਰ ਲੱਗਣ ਲੱਗ ਪਿਐ।

ਕਿਸ਼ਨ ਦੇਈ: ਹਟ ਕਮਲ਼ਾ ਨਾ ਹੋਵੇ ਤੇ। ਜਵਾਨ ਪੁੱਤ ਹੋ ਕੇ ਡਰੀਦਾ ਏ?....... ਹਾਂ ਸੱਚ, ਤੇਰੀ ਇੰਟਰਵੀਊ ਦਾ ਕੀ ਬਣਿਆ?

ਸੁਦਰਸ਼ਨ : ਅਜੇ ਕੀ ਪਤਾ ਪਰ ਉਮੀਦ ਨਹੀਂ ਕੋਈ ਨੌਕਰੀ ਮਿਲ਼ੇ। ਉਹਨਾਂ ਸਾਰੇ ਅੱਠ ਜਣੇ ਰੱਖਣੇ ਨੇ ਤੇ ਪੰਜਾਹ ਮੁੰਡੇ ਪਹੁੰਚੇ ਹੋਏ ਸਨ, ਵਿੱਚ ਕਈ ਬੀ.ਏ. ਪਾਸ ਵੀ ਸਨ।

ਕਿਸ਼ਨ ਦੇਈ: ਤਾਂ ਸ਼ਰਨ ਠੀਕ ਕਹਿੰਦਾ ਏ। ਮਕਾਨ ਵੇਚ ਕੇ ਤੂੰ ਕੋਈ ਆਪਣਾ ਕੰਮ ਕਰ ਲੈ। ਪਰ ਕਾਹਦਾ ਕਰੇਂਗਾ?

ਸੁਦਰਸ਼ਨ : ਜਿਹੜਾ ਤੂੰ ਆਖੇਂ, ਝਾਈ।

ਕਿਸ਼ਨ ਦੇਈ: ਤੂੰ ਆਪਣਾ ਖੱਟਣ-ਕਮਾਣ ਲੱਗ ਪਵੇਂਗਾ ਤਾਂ ਹੋਰ ਬਥੇਰੇ ਮਕਾਨ ਲੈ ਲਵੇਂਗਾ। ਫੇਰ ਤੇਰਾ ਵਿਆਹ ਵੀ ਕਰ ਦਿਆਂਗੀ ਤੇ ਨਿੱਕੀ ਜਿਹੀ ਛਣਕਦੀ-ਮਣਕਦੀ ਨੂੰਹ ਘਰ ਵਿੱਚ ਆ ਜਾਵੇਗੀ। ਮੈਂ ਵੀ ਮਰਨ ਤੋਂ ਪਹਿਲਾਂ ਆਪਣੀਆਂ ਮੁਰਾਦਾਂ ਵੇਖ ਲਵਾਂਗੀ।

ਸੁਦਰਸ਼ਨ : (ਸ਼ਰਮਾਂਦਾ ਹੋਇਆ) ਹੱਛਾ ਝਾਈ, ਅਜੇ ਕੋਈ ਕੰਮ ਕਾਰ ਤੇ ਬਣੇ।

ਕਿਸ਼ਨ ਦੇਈ: ਹੱਛਾ, ਕਦੀ ਪਰਮਾਤਮਾ ਮੇਰੀ ਵੀ ਸੁਣੇਗਾ ਹੀ। ਐਹੋ-ਜਿਹੀ ਸੁਹਣੀ ਸਜਾਈ ਨੂੰਹ ਲਿਆਵਾਂਗੀ ਜਿਹੜੀ ਅੰਦਰ ਬੈਠੇ ਤੇ ਬਾਹਰ ਪਿਆ ਚਾਨਣ ਹੋਵੇ। ਫੇਰ ਮੇਰੇ ਘਰ ਨਿੱਕੇ ਜਿਹੇ ਪੋਤਰੇ ਹੋਣਗੇ ਤੇ ਮੈਂ ਉਹਨੂੰ ਦਿਨੇ ਰਾਤ ਖਿਡਾਂਦੀ ਨਾ ਥੱਕਾਂਗੀ। ਮੈਨੂੰ ਵੀ ਪਰਮਾਤਮਾ ਕੋਈ ਸੁੱਖ ਦਾ ਝੂਟਾ ਲਿਆਵੇਗਾ।

**(ਬੂਹਾ ਖੜਕਦਾ ਹੈ ।)**

ਸੁਦਰਸ਼ਨ : ਮੇਰਾ ਖ਼ਿਆਲ ਏ ਸ਼ਰਨ ਸਿੰਘ ਆ ਗਿਆ ਏ।

ਸ਼ਰਨ ਸਿੰਘ : (ਅੰਦਰ ਆਉਂਦਾ ਹੋਇਆ) ਜੀ ਹਾਂ, ਬਿਲਕੁਲ ਠੀਕ ਖ਼ਿਆਲ ਏ। ਮੈਂ ਈ ਆਂ । (ਉੱਚੀ) ਲੰਘ ਆਓ ਅੰਦਰ, ਚੋਪੜਾ ਸਾਹਿਬ । (ਚੋਪੜਾ ਸਾਹਿਬ ਆਉਂਦਾ ਹੈ ।)

ਚੋਪੜਾ : ਨਮਸਤੇ ਜੀ।

ਕਿਸ਼ਨ ਦੇਈ: ਨਮਸਤੇ ਜੀ। ਆਉ ਬੈਠੋ।

ਸ਼ਰਨ ਸਿੰਘ : ਲਉ ਜੀ ਚੋਪੜਾ ਸਾਹਿਬ, ਇਹ ਸਾਡੀ ਭੈਣ ਹੁਰਾਂ ਦਾ ਮਕਾਨ ਜੇ। ਇਹ ਬੈਠਕ ਦਾ ਕਮਰਾ ਏ, ਤੇ ਔਹ ਵੇਖੋ ਨਾ, ਇਹਦੇ ਪਿੱਛੇ ਨਿੱਕੀ ਜਿਹੀ ਡਿਓਢੀ ਏ ਤੇ ਉਸ ਤੋਂ ਪਿੱਛੇ ਇੱਕ ਹੋਰ ਕਮਰਾ। ਮਕਾਨ ਸੋਲਾਂ ਗਜ਼ ਲੰਮਾ ਤੇ ਛੇ ਗਜ਼ ਚੌੜਾ ਜੇ।

ਚੋਪੜਾ : ਹੂੰ । ਤੂਲ ਸੋਲਾਂ ਗਜ਼, ਅਰਜ਼ ਛੇ ਗਜ਼।

ਸ਼ਰਨ ਸਿੰਘ : ਢਾਈ ਮੰਜ਼ਲਾਂ ਜੇ, ਤੇ ਚੀਜ਼ ਐਸੀ ਕਿ ਵੇਖਿਆਂ ਭੁੱਖ ਲਹਿੰਦੀ ਏ।

ਕਿਸ਼ਨ ਦੇਈ: ਜੀ ਮੈਂ ਇਹ ਮਕਾਨ ਆਪਣੇ ਸਾਹਮਣੇ ਰੀਝ ਨਾਲ ਬਣਵਾਇਆ ਸੀ। ਨੀਂਹਾਂ ਵਿੱਚ ਤਿੰਨ-ਤਿੰਨ ਗਜ਼, ਰੋੜੀ ਕੁੱਟੀ ਹੋਈ ਏ ਤੇ ਫ਼ਰਸ਼ ਐਹੋ ਜਿਹੇ ਨੇ ਕਿ ਵਿੱਚੋਂ ਮੂੰਹ ਪਿਆ ਦਿਸਦੈ। (ਉੱਪਰਲਾ ਕਮਰਾ ਤਾਂ ਖ਼ਾਸ ਬਣਿਆ ਹੋਇਆ ਹੈ।

(ਚੋਪੜਾ ਉੱਠ ਕੇ ਇੱਧਰ-ਉੱਧਰ ਕੰਧਾਂ ਵੱਲ, ਛੱਤ ਵੱਲ ਤੇ ਬਾਹਰ ਵੇਖਦਾ ਏ।)

ਸ਼ਰਨ ਸਿੰਘ : ਜਾਹ ਕਾਕਾ, ਉੱਪਰਲੇ ਕਮਰੇ ਵੀ ਬਾਊ ਹੁਰਾਂ ਨੂੰ ਦਿਖਾ ਲਿਆ।

ਕਿਸ਼ਨ ਦੇਈ: ਕੀਮਤ ਦੱਸ ਦਿੱਤੀ ਊ ਭਰਾਵਾ?

ਸ਼ਰਨ ਸਿੰਘ : ਮੈਂ ਤਾਂ ਪੰਜਾਹ ਹਜ਼ਾਰ ਈ ਕਿਹਾ, ਉਹ ਤਾਂ ਓਥੇ ਈ ਕੰਨਾਂ ਨੂੰ ਹੱਥ ਲਾਣ ਲੱਗ ਪਿਆ। ਮੈਂ ਕਿਹਾ ਤੁਰ ਤਾਂ ਸਹੀ, ਭੈਣ ਹੁਰਾਂ ਨੂੰ ਸਮਝਾ ਲਵਾਂਗਾ ਕੁਝ ਨਾ ਕੁਝ ਰਿਆਇਤ ਕਰ ਈ ਦੇਣਗੇ।

ਕਿਸ਼ਨ ਦੇਈ: ਨਹੀਂ, ਮੈਂ ਤਾਂ ਘੱਟ ਲੈਣ ਨੂੰ ਬਿਲਕੁਲ ਤਿਆਰ ਨਹੀਂ।

ਸ਼ਰਨ ਸਿੰਘ : ਹੁਣ ਉਹਨੂੰ ਨਾਲ ਤੇ ਲਿਆਉਣਾ ਸੀ ਨਾ। ਕੰਮ ਜੁ ਮੁਕਾਣਾ ਹੋਇਆ। ਮੈਂ ਤੁਹਾਥੋਂ ਪੁੱਛੇ ਬਿਨਾਂ ਈ ਸੰਤਾਲ਼ੀ-ਅਠਤਾਲ਼ੀ ਹਜ਼ਾਰ ਕਹਿ ਦਿੱਤਾ ਏ। ਮੈਂ ਕਿਹਾ ਤੁਸੀਂ ਮੇਰੀ ਗੱਲ ਨੂੰ ਕਿਤੇ ਟਾਲਣ ਥੋੜ੍ਹਾ ਲੱਗੇ ਓ। ਨਾਲੇ ਉਹ ਕਿਹੜਾ ਅਜੇ ਮੰਨ ਗਿਐ।

ਕਿਸ਼ਨ ਦੇਈ: ਭਰਾਵਾ, ਕੋਈ ਜ਼ਬਰਦਸਤੀ ਏ? ਮੈਂ ਨਹੀਂ ਘੱਟ ਵੱਟਦੀ।

ਸ਼ਰਨ ਸਿੰਘ : ਚੱਲੋ ਕੋਸ਼ਸ਼ ਕਰਨਾ ਵਾਂ, ਸਾਢੇ ਸੰਤਾਲ਼ੀ-ਅਠਤਾਲ਼ੀ 'ਤੇ ਮੁੱਕ ਜਾਵੇ। ਉਹ ਆਉਂਦਾ ਏ ਤਾਂ ਤੁਸੀਂ ਅੰਦਰ ਚਲੇ ਜਾਣਾ ਮੈਂ ਗੱਲ ਕਰ ਲਵਾਂਗਾ।

ਕਿਸ਼ਨ ਦੇਈ: ਅਠਤਾਲ਼ੀ ਹਜ਼ਾਰ ਤੋਂ ਘੱਟ ਬਿਲਕੁਲ ਨਾ ਆਖੀਂ।

ਸ਼ਰਨ ਸਿੰਘ : ਮੈਂ ਤਾਂ ਜੀ ਆਪਣੀ ਵੱਲੋਂ ਪੂਰੀ ਵਾਹ ਲਾਵਾਂਗਾ ਹੀ। ਲਓ ਉਹ ਆ ਗਏ ਜੇ.... ਤੁਸੀਂ ਅੰਦਰ...... (ਚੋਪੜਾ ਸਾਹਿਬ ਤੇ ਸੁਦਰਸ਼ਨ ਆਉਂਦੇ ਹਨ)

ਸ਼ਰਨ ਸਿੰਘ : ਆਓ, ਚੋਪੜਾ ਸਾਹਿਬ ! ਆਓ। ਵੇਖ ਆਏ ਓ?

ਕਿਸ਼ਨ ਦੇਈ: ਹੱਛਾ ਭਰਾਵਾ, ਤੁਸੀਂ ਗੱਲ ਬਾਤ ਕਰੋ ਮੈਂ ਹੁਣੇ ਆਉਨੀ ਆਂ। ਆ ਸੁਦਰਸ਼ਨ ਗੱਲ ਸੁਣ ਮੇਰੀ (ਦੋਵੇਂ ਅੰਦਰ ਚਲੇ ਜਾਂਦੇ ਨੇ)।

ਸ਼ਰਨ ਸਿੰਘ : ਕਿਉਂ ਚੋਪੜਾ ਸਾਹਿਬ ? ਮਕਾਨ ਹੈ ਕਿ ਨਹੀਂ ਫ਼ਸਟ ਕਲਾਸ? ਨਿਰਾ ਨਗੀਨਾ।

ਚੋਪੜਾ : ਖੈਰ, ਸਾਖ਼ਤ ਅੱਛੀ ਏ। ਮਾਲਕ ਮਕਾਨ ਕੌਣ ਏ?

ਸ਼ਰਨ ਸਿੰਘ : ਇਸ ਬੇਵਾ ਔਰਤ ਦਾ ਏ।

ਚੋਪੜਾ : ਕੀ ਨਾਂ ਸੀ ਇਹਦੇ ਖ਼ਾਵੰਦ ਦਾ?

ਸ਼ਰਨ ਸਿੰਘ : ਉਹਦਾ ਨਾਂ ?..... ਜੀ ਉਹਦਾ ਨਾਂ ਤੇ ਮੈਨੂੰ ਪਤਾ ਨਹੀਂ। ਮੇਰੇ ਵਾਕਫ਼ਾਂ ਵਿੱਚੋਂ ਨਹੀਂ ਸੀ। ਪਤਾ ਲੱਗ ਜਾਏਗਾ।..... ਵੈਸੇ ਤੁਸੀਂ ਬੇਫ਼ਿਕਰ ਰਹੋ ਝਗੜੇ ਵਾਲ਼ਾ ਸੌਦਾ ਨਹੀਂ। ਮਕਾਨ ਜ਼ਰ ਖ਼ਰੀਦ ਹੈ ਤੇ ਇੱਕੋ ਨਾਬਾਲ਼ਗ ਮੁੰਡਾ ਏ, ਮਾਂ ਉਹਦੀ ਗਾਰਡੀਅਨ ਏ।

ਚੋਪੜਾ : ਫੇਰ ਹੁਣ ਕਿੰਨੇ ਤੋਂ ਸੌਦਾ ਮੁੱਕੇਗਾ? ਪੰਜਤਾਲ਼ੀ ਹਜ਼ਾਰ ਲੈਂਦੀ ਏ ਕਿ ਨਹੀਂ?

ਸ਼ਰਨ ਸਿੰਘ : ਤੁਸੀਂ ਤਾਂ ਚੋਪੜਾ ਸਾਹਿਬ ਮਜ਼ਾਕ ਕਰਦੇ ਓ। ਚੀਜ਼ ਵੇਖ ਕੇ ਮੁੱਲ ਪਾਓ ਨਾ। ਕਿੱਥੇ ਪੰਜਾਹ ਹਜ਼ਾਰ ਤੇ ਕਿੱਥੇ ਪੰਜਤਾਲ਼ੀ ਹਜ਼ਾਰ। ਉਹ ਤਾਂ ਮੰਨਦੀ ਈ ਨਹੀਂ ਪਰ ਉਮੀਦ ਹੈ ਸ਼ੈਦ ਅਠਤਾਲ਼ੀ 'ਤੇ ਕੰਮ ਬਣ ਜਾਵੇ, ਉਹ ਵੀ ਪੂਰੀ ਕੋਸ਼ਸ਼ ਕੀਤਿਆਂ।

ਚੋਪੜਾ : ਬਹੁਤ ਅੱਛਾ ! (ਬਾਹਰ ਚਲਾ ਜਾਂਦਾ ਹੈ।)

ਸ਼ਰਨ ਸਿੰਘ : (ਅੰਦਰ ਅਵਾਜ਼ ਦੇਂਦਾ ਹੈ) ਭੈਣ ਜੀ !........ ਸੁਦਰਸ਼ਨ!
(ਦੋਵੇਂ ਬਾਹਰ ਆਉਂਦੇ ਹਨ।)

ਕਿਸ਼ਨ ਦੇਈ: ਹਾਂ, ਕੀ ਗੱਲ ਬਣੀ ਏ?

ਸ਼ਰਨ ਸਿੰਘ : ਭੈਣ ਜੀ, ਕੰਮ ਬਣਦਾ ਨਜ਼ਰ ਨਹੀਂ ਆਉਂਦਾ। ਜ਼ਮਾਨਾ ਬਦਲ ਗਿਆ ਏ। ਹੁਣ ਗਾਹਕ ਪੈਸੇ ਖ਼ਰਚਦਾ ਘਬਰਾਂਦਾ ਹੈ। ਪੂਰੀ ਕੋਸ਼ਸ਼ ਕਰਾਂਗਾ ਤਾਂ ਸਮਝੋ ਛਿਆਲ਼ੀ ਤੋਂ ਮੁੱਕੇਗਾ।

ਕਿਸ਼ਨ ਦੇਈ: ਚੱਲ ਛੱਡ ਭਰਾਵਾ, ਮੈਨੂੰ ਮਕਾਨ ਵੇਚਣ ਦੀ ਲੋੜ ਨਹੀਂ। ਮੈਂ ਤਾਂ ਤੇਰੇ ਮੂੰਹ ਨੂੰ ਹਜ਼ਾਰ ਘੱਟ ਕਹਿ ਦਿੱਤਾ ਸੀ।

ਸੁਦਰਸ਼ਨ : ਚੱਲੋ ਛੱਡੋ ਜੀ, ਨਹੀਂ ਕੰਮ ਬਣਦਾ ਤਾਂ ਨਾ ਸਹੀ। ਸੁੱਟ ਤਾਂ ਨਹੀਂ ਪਾਣਾ।

ਸ਼ਰਨ ਸਿੰਘ : ਸੋਚ ਲਉ, ਐਵੇਂ ਗਾਹਕ ਹੱਥੋਂ ਨਹੀਂ ਛੱਡਣਾ ਚਾਹੀਦਾ। ਨਾਲ਼ੇ ਇਹ ਮਕਾਨ ਸ਼ੇਰਮੁਖਾ ਵੀ ਏ।

ਸੁਦਰਸ਼ਨ : ਸ਼ੇਰਮੁਖਾ ? ਉਹ ਕੀ ਹੁੰਦਾ ਏ?

ਸ਼ਰਨ ਸਿੰਘ : ਕਾਕਾ, ਜਿਹੜਾ ਮਕਾਨ ਅੱਗੋਂ ਜ਼ਿਆਦਾ ਤੇ ਪਿੱਛੋਂ ਘੱਟ ਚੌੜਾ ਹੋਵੇ ਉਹਨੂੰ ਸ਼ੇਰਮੁਖਾ ਕਹਿੰਦੇ ਨੇ।

ਸੁਦਰਸ਼ਨ : ਫੇਰ ਸ਼ੇਰਮੁਖੇ ਦਾ ਹਰਜ਼ ਕੀ ਏ। ਇਹ ਕਾਹਦਾ ਨੁਕਸ ਹੋਇਆ?

ਸ਼ਰਨ ਸਿੰਘ : ਸ਼ੇਰਮੁਖਾ ਮਕਾਨ ਮਾਲਕ ਦੇ ਹੱਕ ਵਿੱਚ ਚੰਗਾ ਨਹੀਂ ਹੁੰਦਾ ਜਿਵੇਂ ਸ਼ੇਰ ਜਾਨਵਰਾਂ ਨੂੰ ਖਾ ਜਾਂਦਾ ਏ, ਉਸੇ ਤਰ੍ਹਾਂ ਮਾਲਕ ਨੂੰ ਖ਼ਤਰਾ ਈ ਹੁੰਦਾ ਏ।

ਸੁਦਰਸ਼ਨ : (ਕੁਝ ਡਰ ਦੇ ਪ੍ਰਭਾਵ ਹੇਠ) ਝਾਈ, ਬਾਊ ਜੀ ਇੱਥੇ ਈ ਗੁਜ਼ਰੇ ਸਨ ਨਾ?

ਸ਼ਰਨ ਸਿੰਘ : ਤੁਸੀਂ ਮਕਾਨ ਵੇਚੋ ਜਾਂ ਨਾ ਵੇਚੋ ਤੁਹਾਡੀ ਦੌਲਤ ਏ। ਮੈਂ ਆਪਣੀ ਦਲਾਲੀ ਦੇ ਲਾਲਚ ਕਰ ਕੇ ਕਦੀ ਗ਼ਲਤ ਰਾਇ ਨਹੀਂ ਦੇਂਦਾ। ਇਸੇ ਲਈ ਜਿੰਨੇ ਮੇਰੇ ਵਾਕਫ਼ ਦੋਸਤ-ਮਿੱਤਰ ਨੇ, ਪ੍ਰਾਪਰਟੀ ਦਾ ਸਭ ਕੰਮ ਮੇਰੇ ਕੋਲ਼ੋਂ ਪੁੱਛ ਕੇ ਕਰਦੇ ਨੇ।

ਕਿਸ਼ਨ ਦੇਈ: ਤੇ ਫੇਰ ਤੇਰਾ ਕੀ ਖ਼ਿਆਲ ਏ?

ਸ਼ਰਨ ਸਿੰਘ : ਮੇਰਾ ਖ਼ਿਆਲ ਪੁੱਛਦੇ ਓ ਤਾਂ ਇਹੋ ਆਖਾਂਗਾ ਗਾਹਕ ਨਾ ਛੱਡੋ। ਇੱਕ ਤੇ ਮਕਾਨ ਸ਼ੱਕੀ ਏ, ਦੂਜਾ ਤੁਹਾਨੂੰ ਇਸ ਵੇਲ਼ੇ ਰੁਪੈ ਦੀ ਲੋੜ ਏ-ਮੁੰਡੇ ਨੇ ਕੰਮ ਕਰਨਾ ਏ, ਤੀਜਾ ਮਾਰਕੀਟਾਂ ਦਾ ਤੇ ਦਿਨ-ਬਦਿਨ ਭੱਠਾ ਬਹਿੰਦਾ ਜਾਂਦਾ ਏ। ਮਕਾਨ ਦੀ ਜਿਹੜੀ ਕੀਮਤ ਅੱਜ ਏ ਉਹ ਕੱਲ੍ਹ ਨਹੀਂ ਰਹਿਣੀ।

ਕਿਸ਼ਨ ਦੇਈ: ਪਰ ਮੈਂ ਸੰਤਾਲ਼ੀ ਹਜ਼ਾਰ ਤੋਂ ਤਾਂ ਕੌਡੀ ਘੱਟ ਨਹੀਂ ਲਵਾਂਗੀ। ਮਰਜ਼ੀ ਏ

ਮਕਾਨ ਲਵੇ, ਮਰਜ਼ੀ ਨਾ ਲਵੇ।

ਸ਼ਰਨ ਸਿੰਘ : ਚੱਲੋ ਮੈਂ ਕੋਸ਼ਿਸ਼ ਕਰ ਵੇਖਨਾਂ, ਤੁਸੀਂ ਅੰਦਰ ਜਾਓ, ਚੋਪੜਾ ਸਾਹਿਬ ਆ ਲੈਣ ਮੈਂ ਗੱਲ ਕਰ ਲੈਨਾਂ। (ਬੂਹੇ ਕੋਲ਼ ਖਲੋ ਕੇ ਅਵਾਜ਼ ਦੇਂਦਾ ਹੈ।) ਚੋਪੜਾ ਸਾਹਿਬ !ਚੋਪੜਾ ਸਾਹਿਬ ! .... ਅੰਦਰ ਆਉਣਾ। (ਚੋਪੜਾ ਆਉਂਦਾ ਹੈ।)

ਚੋਪੜਾ : ਹਾਂ ਜੀ, ਫਰਮਾਓ।

ਸ਼ਰਨ ਸਿੰਘ : ਚੋਪੜਾ ਸਾਹਿਬ ਤੁਸੀਂ ਵੀ ਕੀ ਯਾਦ ਕਰੋਗੇ ਸ਼ਰਨ ਸਿੰਘ ਨੇ ਕੰਮ ਕਰ ਕੇ ਦਿਖਾਇਆ ਸੀ। ਲਓ ਹੁਣ ਥਿੜਕਣਾ ਨਾ, ਸੰਤਾਲ਼ੀ ਹਜ਼ਾਰ ਤੋਂ ਕੰਮ ਮੁਕਾ ਦਿਆਂਗਾ।

ਚੋਪੜਾ : ਨਾ, ਨਾ, ਨਾ। ਮੈਂ ਹਰਗਿਜ਼ ਛਿਆਲ਼ੀ ਹਜ਼ਾਰ ਤੋਂ ਵੱਧ ਖ਼ਰਚਣ ਨੂੰ ਤਿਆਰ ਨਹੀਂ। ਮਰਜ਼ੀ ਏ ਮਕਾਨ ਦੇਵੇ, ਮਰਜ਼ੀ ਏ ਨਾ ਦੇਵੇ।

ਸ਼ਰਨ ਸਿੰਘ : ਵੇਖੋ ਫੇਰ, ਸੁੱਟ ਪਾਣ ਵਾਲ਼ੀ ਗੱਲ ਨਾ ਕਰੋ। ਇਲਾਕਾ ਤਾਂ ਵੇਖੋ ਕਿਹੜਾ ਏ? ਚਾਂਦਨੀ ਚੌਂਕ ਦਾ। ਦਿੱਲੀ ਵਿੱਚ ਤਾਂ ਲੋਕੀ ਨਿੱਕੇ-ਨਿੱਕੇ ਖੂੰਜੇ ਲਈ ਪਏ ਤਰਸਦੇ ਨੇ। ਲੋਕੀ ਕਿੱਥੇ-ਕਿੱਥੇ ਜਾ ਕੇ ਵਸੇ ਨੇ-ਕੋਈ ਲੋਧੀ ਕਾਲੋਨੀ ਰਹਿੰਦੈ ਤੇ ਕੋਈ ਪਟੇਲ ਨਗਰ, ਕੋਈ ਜਵਾਹਰ ਨਗਰ ਰਹਿੰਦੈ ਤੇ ਕੋਈ ਕਿੰਗਜ਼ਵੇ, ਕੋਈ ਜੰਗ ਪੁਰੇ ਰਹਿੰਦੈ ਤੇ ਕੋਈ ਛਾਉਣੀ। ਇੱਥੋਂ ਤੱਕ ਕਿ ਦਿੱਲੀ ਦੇ ਏਸ 'ਮਾਤ-ਲੋਕ' ਤੋਂ ਮਾਯੂਸ ਹੋ ਕੇ ਲੋਕਾਂ ਨੇ ਜਿਉਂਦੇ ਜੀਅ ਕਈ 'ਇੰਦ੍ਰ ਲੋਕ', 'ਚੰਦਰ ਲੋਕ', 'ਦੇਵ ਨਗਰ' ਤੇ 'ਸਵਰਗ ਪੁਰੀਆਂ' ਨੂੰ ਜਾ ਅਬਾਦ ਕੀਤਾ ਏ।

ਚੋਪੜਾ : ਯਾਨੀ ਕਿ ਜਿਉਂਦੇ ਜੀਅ 'ਸਵਰਗ ਵਾਸੀ' ਅਖਵਾਣ ਦੇ ਹੱਕਦਾਰ ਹੋ ਗਏ ਨੇ।

(ਦੋਵੇਂ ਹੱਸਦੇ ਹਨ)

ਸ਼ਰਨ ਸਿੰਘ : ਬਿਲਕੁਲ, ਬਿਲਕੁਲ ! ਤੁਸੀਂ ਤਾਂ ਆਪ ਸਿਆਣੇ ਓ ਚੋਪੜਾ ਸਾਹਿਬ ! ਦਿੱਲੀ ਤਾਂ ਚਾਰੇ ਪਾਸੇ ਫੈਲ ਗਈ ਏ ਤੇ ਇਹ ਇਲਾਕਾ ਹੋਇਆ ਐਨ ਵਿਚਕਾਰ।

ਚੋਪੜਾ : (ਇੱਧਰ-ਉੱਧਰ ਵੇਖਦਾ ਹੋਇਆ ਅਚਾਨਕ ਉੱਠਕੇ ਚੁੜਾਈ ਲੰਬਾਈ ਵੱਲ ਨਜ਼ਰ ਮਾਰਦਾ ਏ) ਵੇਖੋ ਨਾ ਸਰਦਾਰ ਜੀ ! ਇਸ ਕਮਰੇ ਦਾ ਅਰਜ਼ ਅੱਗੋਂ ਵੱਡਾ ਤੇ ਪਿੱਛੋਂ ਛੋਟਾ ਏ ਨਾ? ਮੇਰਾ ਖ਼ਿਆਲ ਏ ਸ਼ੇਰਮੁਖਾ ਮਕਾਨ ਏ। ਮਾਲਕ ਮਕਾਨ ਇੱਥੇ ਹੀ ਮੋਇਆ ਸੀ ਨਾ?

ਸ਼ਰਨ ਸਿੰਘ : ਪਰ ਇਹਨੂੰ ਸ਼ੇਰਮੁਖਾ ਕਹਿੰਦਾ ਕੌਣ ਏ। ਇਹ ਮਕਾਨ ਤਾਂ ਗਊਮੁਖਾ ਏ।

ਇਹਦਾ ਅਸਲੀ ਰਸਤਾ ਤਾਂ ਪਿਛਲੇ ਪਾਸੇ ਏ। ਜੇ ਤੁਸੀਂ ਫੇਰ ਈ ਵਹਿਮੀ ਓ ਤਾਂ ਇਹ ਰਸਤਾ ਬੰਦ ਕਰਨਾ ਤੇ ਉੱਧਰਲਾ ਖੋਲ੍ਹ ਲੈਣਾ।

ਚੋਪੜਾ : ਤਾਂ ਇਸ ਮਕਾਨ ਦਾ ਰਸਤਾ ਦੁਪਾਸੜ ਹੈ?

ਸ਼ਰਨ ਸਿੰਘ : ਲੋਕ ਤਾਂ ਸਗੋਂ ਇਹੋ-ਜਿਹਾ ਮਕਾਨ ਲੱਭਦੇ ਨੇ ਜਿਸ ਵਿੱਚ ਦੋ ਪਾਸਿਆਂ ਤੋਂ ਹਵਾ ਤੇ ਧੁੱਪ ਆ ਸਕੇ। ਤੁਸੀਂ ਕਦੇ ਨਵੇਂ ਸਟਾਈਲ ਦੇ ਬਣੇ ਹੋਏ ਮਕਾਨ ਵੇਖੋ, ਘੱਟੋ-ਘੱਟ ਦੋ ਪਾਸੇ ਤੋਂ ਜ਼ਰੂਰੀ ਖ਼ਾਲੀ ਹੋਣਗੇ।

ਚੋਪੜਾ : ਫਿਰ ਵੀ ਮਕਾਨ ਦਾ ਸਹੀ ਰਸਤਾ ਇਹੋ ਸ਼ੁਮਾਰ ਕੀਤਾ ਜਾਏਗਾ ਜੋ ਕਾਫ਼ੀ ਅਰਸੇ ਤੋਂ ਚਾਲੂ ਏ।

ਸ਼ਰਨ ਸਿੰਘ : ਚੋਪੜਾ ਸਾਹਿਬ ਐਵੇਂ ਫ਼ਜ਼ੂਲ ਵਹਿਮਾਂ ਦੇ ਮਗਰ ਨਹੀਂ ਲੱਗੀਦਾ। ਹਰ ਇੱਕ ਗੱਲ ਦੀ ਤਹਿ ਤੱਕ ਪਹੁੰਚਣਾ ਚਾਹੀਦਾ ਏ। ਗਊਮੁਖਾ ਤੇ ਸ਼ੇਰਮੁਖਾ ਤਾਂ ਤੁਸਾਂ ਸੁਣ ਲਿਆ, ਏਨਾ ਵੀ ਪਤਾ ਜੇ ਇਹਦਾ ਮਤਲਬ ਕੀ ਏ?

ਚੋਪੜਾ : ਕੀ ਮਤਲਬ ਏ?

ਸ਼ਰਨ ਸਿੰਘ : ਜੇ ਮਕਾਨ ਗਊਮੁਖਾ ਹੋਵੇ ਤਾਂ ਮੱਥਾ ਛੋਟਾ ਹੁੰਦਾ ਏ। ਇਸ ਤਰ੍ਹਾਂ ਮਕਾਨ ਦਾ ਪਰਦਾ ਬਣਿਆ ਰਹਿੰਦਾ ਏ, ਲੰਘਦੇ ਆਉਂਦੇ ਜਾਂਦੇ ਲੋਕਾਂ ਦੀ ਅੰਦਰ ਬਹੁਤੀ ਝਾਤੀ ਨਹੀਂ ਪੈਂਦੀ। ਦੁਕਾਨ ਸ਼ੇਰਮੁਖੀ ਪਸੰਦ ਕੀਤੀ ਜਾਂਦੀ ਏ ਤਾਂ ਕਿ ਮੱਥਾ ਚੌੜਾ ਹੋਵੇ ਤੇ ਦੁਕਾਨ ਦੀ ਸਜਾਵਟ ਵਧੇ। ਹੋਰ ਵਿੱਚੋਂ ਗੱਲ ਕੀ ਏ। ਸ਼ੇਰਮੁਖਾ ਕਿਤੇ ਮੂੰਹ ਵਿੱਚ ਨਹੀਂ ਪਾ ਲੈਂਦਾ ਤੇ ਗਊਮੁਖੇ ਵਿੱਚੋਂ ਕਿਤੇ ਦੁੱਧ ਦੇ ਚਸ਼ਮੇ ਨਹੀਂ ਫੁੱਟ ਨਿਕਲਦੇ।

ਚੋਪੜਾ : (ਹੱਸਦਾ ਹੋਇਆ) ਤਾਂ ਹੁਣ ਤੁਹਾਡਾ ਮਤਲਬ ਏ ਸ਼ੇਰਮੁਖੇ ਵੱਲ ਹੱਟੀ ਕਰ ਲਈਏ ਤੇ ਗਊਮੁਖੇ ਵੱਲ ਘਰ ਬਣਾ ਲਈਏ। (ਦੋਵੇਂ ਹੱਸਦੇ ਹਨ।)

ਸ਼ਰਨ ਸਿੰਘ : ਪਰ ਮੈਨੂੰ ਸਮਝ ਨਹੀਂ ਆਉਂਦੀ ਤੁਸਾਂ ਐਡੇ ਲੰਮੇ-ਚੌੜੇ ਵਹਿਮਾਂ ਵਿੱਚ ਪੈ ਕੇ ਲੈਣਾ ਕੀ ਏ। ਅੰਬ ਖਾਣੇ ਜੇ ਕਿ ਪੇੜ ਗਿਣਨੇ ਜੇ? ਤੁਸੀਂ ਮਸਤ ਰਹੋ, ਦੋ ਚਾਰ ਹਜ਼ਾਰ, ਕੁਝ ਘਟ ਈ ਜਾਵੇਗਾ।

ਚੋਪੜਾ : ਅੱਛਾ ਸਰਦਾਰ ਸਾਹਿਬ, ਜਿਵੇਂ ਤੁਹਾਡੀ ਮਰਜ਼ੀ।

ਸ਼ਰਨ ਸਿੰਘ : ਫੇਰ ਸੰਤਾਲੀ ਹਜ਼ਾਰ ਤੇ ਮੁਕਾ ਦਿਆਂ?

ਚੋਪੜਾ : ਨਹੀਂ ਛਿਆਲ਼ੀ ਹਜ਼ਾਰ ਤੋਂ ਵੱਧ ਨਹੀਂ।

ਸ਼ਰਨ ਸਿੰਘ : ਬਈ ਵਾਹ, ਪੈਂਚਾ ਦਾ ਕਹਿਣਾ ਸਿਰ ਮੱਥੇ 'ਤੇ, ਪਰਨਾਲ਼ਾ ਉੱਥੇ ਦਾ ਉੱਥੇ। ....... ਕੁਛ ਵਧਣਾ ਪਏਗਾ, ਐਵੇਂ ਕੰਮ ਨਹੀਂ ਬਣਨਾ। ਸਾਢੇ ਛਿਆਲ਼ੀ ਕਹਿ ਦਿਆਂ? ਫੇਰ ਉਹ ਜਾਣੇ ਤੇ ਉਹਦਾ ਕੰਮ।

ਚੋਪੜਾ : ਫੇਰ ਮੈਂ ਸਾਢੇ ਛਿਆਲ਼ੀ ਤੋਂ ਇੱਕ ਪੈਸਾ ਵੱਧ ਨਹੀਂ ਜੇ ਦੇਣਾ।

ਸ਼ਰਨ ਸਿੰਘ : ਤੁਸੀਂ ਚਿੰਤਾ ਨਾ ਕਰੋ ਤੇ ਹੁਣ ਰੁਪਿਆਂ ਦੀ ਝਲਕਾਰ ਦੱਸੋ। (ਉੱਚੀ)

ਸੁਦਰਸ਼ਨ ..... ਸੁਦਰਸ਼ਨ..... ਭੈਣ ਜੀ ਨੂੰ ਬਾਹਰ ਭੇਜੀਂ।

(ਦੋਵੇਂ ਆਉਂਦੇ ਹਨ)

ਕਿਸ਼ਨ ਦੇਈ: ਦੱਸ ਭਰਾਵਾ ਕੀ ਗੱਲ ਏ?

ਸ਼ਰਨ ਸਿੰਘ : ਬੈਠੋ ਭੈਣ ਜੀ, ਤੁਹਾਨੂੰ ਬਿਆਨਾ ਦੁਆ ਦਿਆਂ। ਚੋਪੜਾ ਸਾਹਿਬ ਕੱਢੋ ਸੌ ਰੁਪਏ ਦਾ ਨੋਟ।

ਚੋਪੜਾ : (ਬਟੂਆ ਕੱਢ ਕੇ ਨੋਟ ਦੇਂਦਾ ਹੈ) ਲਓ ਜੀ ਸਰਦਾਰ ਸਾਹਿਬ।

ਸ਼ਰਨ ਸਿੰਘ : (ਰੁਪਏ ਦੇਂਦਾ ਹੋਇਆ) ਲਓ ਭੈਣ ਜੀ, ਇੱਕ ਸੌ ਰੁਪਿਆ ਤੇ ਸਾਢੇ ਛਿਆਲ਼ੀ ਹਜ਼ਾਰ ਤੇ ਗੱਲ ਪੱਕੀ ਹੋ ਗਈ।

ਕਿਸ਼ਨ ਦੇਈ: (ਨੋਟ ਪਰੇ ਧੱਕਦੀ ਹੋਈ) ਨਾ, ਨਾ, ਨਾ। ਭਰਾਵਾ ਮੈਂ ਤਾਂ ਤੈਨੂੰ ਪਹਿਲਾਂ ਈ ਕਹਿ ਚੁੱਕੀ ਆਂ, ਮੈਂ ਸੰਤਾਲ਼ੀ ਹਜ਼ਾਰ ਤੋਂ ਇੱਕ ਕੌਡੀ ਘੱਟ ਲੈਣ ਨੂੰ ਤਿਆਰ ਨਹੀਂ।

ਸ਼ਰਨ ਸਿੰਘ : ਭੈਣ ਜੀ, ਤੁਸੀਂ ਰੁਪਏ ਤਾਂ ਫੜੋ।

ਕਿਸ਼ਨ ਦੇਈ: ਨਹੀਂ ਭਰਾਵਾ, ਮੈਂ ਨਹੀਂ ਘੱਟ ਲੈਣਾ।

ਸ਼ਰਨ ਸਿੰਘ : ਭੈਣ ਜੀ ਦੇਖੋ, ਰੁਪਏ ਘਰ ਆਏ ਨਹੀਂ ਮੋੜੀਦੇ, ਲੱਛਮੀ ਜੇ ਲੱਛਮੀ। ਪੰਜ ਸੌ ਰੁਪਏ ਦੀ ਗੱਲ ਕੀ ਏ। ਸੋਚ ਲਓ।

ਕਿਸ਼ਨ ਦੇਈ: ਕਿਉਂ ਸੁਦਰਸ਼ਨ ਕੀ ਸਲਾਹ ਏ?

ਸ਼ਰਨ ਸਿੰਘ : ਉਹਨੇ ਵਿਚਾਰੇ ਨੇ ਕੀ ਆਖਣੈ। ਅੱਜ ਸ਼ਾਮੀਂ ਚੱਲ ਕੇ ਵਸੀਕਾ ਨਵੀਸ ਦੀ ਹੱਟੀ ਔੜਾ ਲਿਖ ਲਓ ਤੇ ਪੂਰਾ ਬਿਆਨਾ ਲੈ ਲਓ।

ਚੋਪੜਾ : ਹਾਂ, ਹਾਂ, ਜਿਸ ਵਕਤ ਮਰਜ਼ੀ ਹੋਵੇ ਲਿਖ-ਲਿਖਾ ਕਰ ਲਓ?

ਸ਼ਰਨ ਸਿੰਘ : ਔਰ ਚੋਪੜਾ ਸਾਹਿਬ, ਮੈਂ ਕਿਹਾ ਮੇਰੇ 'ਤੇ ਵੀ ਮਿਹਰਬਾਨੀ ਕਰਨੀ। ਅੱਧੀ ਦਲਾਲੀ ਮੈਨੂੰ ਹੁਣੇ ਦੇ ਦੇਣੀ। ਘਰ ਰਸਦ-ਪਾਣੀ ਮੁੱਕਾ ਹੋਇਆ ਸੀ, ਮੈਂ ਕਿਹਾ ਚੋਪੜਾ ਸਾਹਿਬ ਦਾ ਕੰਮ ਸਿਰੇ ਚੜ੍ਹਾ ਦਿਆਂ ਤਾਂ ਹੀ ਠੀਕ ਏ।

ਕਿਸ਼ਨ ਦੇਈ: ਤੂੰ ਵੀ ਭਰਾਵਾ, ਡਾਢਾ ਨਿਕਲਿਐਂ। ਤੇਰਾ ਤਾਂ ਉਹ ਹਾਲ ਏ ਅਖੇ ਫਿਰ ਨੀ ਬੇਬੇ ਫਿਰ, ਲੋਹੇ ਦੀਆਂ ਲੱਤਾਂ ਤੇ ਕਾਠ ਦਾ ਸਿਰ। ਫੇਰੇ ਮਾਰ-ਮਾਰ ਕੇ, ਗੱਲਾਂ ਕਰ-ਕਰ ਕੇ, ਆਖ਼ਰ ਮੇਰਾ ਮਕਾਨ ਵੇਚ ਕੇ ਛੱਡਿਆ ਈ।

ਸ਼ਰਨ ਸਿੰਘ : ਇਹ ਤਾਂ ਭੈਣ ਜੀ, ਸਾਡਾ ਰੋਜ਼ ਦਾ ਕੰਮ ਹੋਇਆ। ਕਹਿੰਦੇ ਨੇ ਹਕੂਮਤ ਗਰਮੀ ਦੀ, ਹੱਟੀ ਨਰਮੀ ਦੀ ਤੇ ਦਲਾਲੀ ਬੇਸ਼ਰਮੀ ਦੀ।

(ਸਾਰੇ ਹੱਸਦੇ ਨੇ।)

(ਪਰਦਾ)